# ਪ੍ਰੈੱਸ ਨੋਟ

Ontario

ਮਨਿਸਟਰੀ ਆਫ਼ ਦ
ਅਟਰਨੀ ਜਨਰਲ

ਤੁਰੰਤ ਜਾਰੀ ਕੀਤੇ ਜਾਣ ਲਈ
20 ਫਰਵਰੀ 2006

## ਓਨਟੇਰੀਓ ਸਰਕਾਰ ਮਨੁੱਖੀ ਅਧਿਕਾਰਾਂ ਦੀ ਪ੍ਰਣਾਲੀ ਨੂੰ ਆਧੁਨਿਕ ਬਣਾਏਗੀ

*ਪ੍ਰਸਤਾਵਿਤ ਤਬਦੀਲੀਆਂ ਦਾ ਮਕਸਦ ਜਨਤਾ ਦੀ ਚੰਗੇਰੀ ਸੇਵਾ ਕਰਨਾ*

ਟੋਰੰਟੋ — ਮਗਿੰਟੀ ਸਰਕਾਰ ਵੱਲੋਂ ਪ੍ਰਸਤਾਵਿਤ ਤਬਦੀਲੀਆਂ ਦਾ ਮਕਸਦ ਮਨੁੱਖੀ ਅਧਿਕਾਰਾਂ ਦੀ ਇੱਕ ਵਧੇਰੇ ਮਜ਼ਬੂਤ, ਵਧੇਰੇ ਤੇਜ਼ ਅਤੇ ਵਧੇਰੇ ਅਸਰਦਾਰ ਪ੍ਰਣਾਲੀ ਉਸਾਰਨਾ ਹੈ ਜਿਹੜੀ ਜਨਤਾ ਦੀ ਵਧੇਰੇ ਸੇਵਾ ਕਰੇ, ਅਟਰਨੀ ਜਨਰਲ ਮਾਈਕਲ ਬ੍ਰਾਇੰਟ ਨੇ ਅੱਜ ਐਲਾਨ ਕੀਤਾ।

"ਓਨਟੇਰੀਓ ਵਿੱਚ ਮਨੁੱਖੀ ਅਧਿਕਾਰਾਂ ਦੀ ਪ੍ਰਣਾਲੀ ਨੂੰ ਆਧੁਨਿਕ ਬਣਾ ਕੇ ਅਸੀਂ ਜਨਤਾ ਨੂੰ ਅਜਿਹੀ ਸੇਵਾ ਪ੍ਰਦਾਨ ਕਰਨੀ ਚਾਹੁੰਦੇ ਹਾਂ ਜਿਹੜੀ ਕਦੀ ਵੀ ਨਾ ਦਿੱਤੀ ਗਈ ਹੋਵੇ," ਬ੍ਰਾਇੰਟ ਨੇ ਕਿਹਾ। "ਅਸੀਂ ਸ਼ਿਕਾਇਤਾਂ ਦੀ ਕਾਰਵਾਈ ਨੂੰ ਸੁਧਾਰਨਾ ਅਤੇ ਮਨੁੱਖੀ ਅਧਿਕਾਰਾਂ ਦੇ ਗੁੰਝਲਦਾਰ ਮੁੱਦਿਆਂ, ਜਿਨ੍ਹਾਂ ਦਾ ਲੋਕਾਂ ਦੇ ਸਮੂਹਾਂ ਅਤੇ ਵਿਅਕਤੀਆਂ ਤੇ ਵੀ ਅਸਰ ਹੁੰਦਾ ਹੈ, ਬਾਰੇ ਵਧੇਰੇ ਚੰਗੀ ਕਾਰਵਾਈ ਕਰਨੀ ਚਾਹੁੰਦੇ ਹਾਂ। ਸਾਡਾ ਮਕਸਦ ਮਨੁੱਖੀ ਅਧਿਕਾਰਾਂ ਦੀ ਤਰੱਕੀ, ਇਨ੍ਹਾਂ ਦੇ ਵਾਧੇ, ਅਤੇ ਲਾਗੂ ਕੀਤੇ ਜਾਣ ਦੀ ਪ੍ਰਣਾਲੀ ਨੂੰ ਸੁਧਾਰਨਾ ਅਤੇ ਮਜ਼ਬੂਤ ਬਣਾਉਣਾ ਹੈ।

ਮਨੁੱਖੀ ਅਧਿਕਾਰਾਂ ਦੀ ਵਰਤਮਾਨ ਪ੍ਰਣਾਲੀ, ਜੋ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਅਤੇ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਦੀ ਬਣੀ ਹੋਈ ਹੈ, 1962 ਵਿੱਚ ਰਚੀ ਗਈ ਸੀ ਤਾਂ ਜੋ ਓਨਟੇਰੀਓ ਦੇ ਹਿਊਮਨ ਰਾਈਟਸ ਕੋਡ ਨੂੰ ਲਾਗੂ ਕੀਤਾ ਜਾ ਸਕੇ, ਜੋ ਕੈਨੇਡਾ ਵਿੱਚ ਆਪਣੀ ਕਿਸਮ ਦਾ ਪਹਿਲਾ ਹੈ। ਕਮਿਸ਼ਨ ਇੱਕ ਖ਼ੁਦਮੁਖਤਿਆਰ ਅਦਾਰਾ ਹੈ, ਜੋ ਅਟਰਨੀ ਜਨਰਲ ਦੇ ਰਾਹੀਂ ਵਿਧਾਨ ਸਭਾ ਨੂੰ ਜਵਾਬਦੇਹ ਹੈ। ਵਰਤਮਾਨ ਸਮੇਂ ਇਹ ਵਿੱਦਿਆ ਅਤੇ ਖੋਜ ਦਾ ਕੁੱਝ ਕੰਮ ਕਰਦਾ ਹੈ, ਅਤੇ ਇਹ ਮਨੁੱਖੀ ਅਧਿਕਾਰਾਂ ਬਾਰੇ ਸ਼ਿਕਾਇਤਾਂ ਪ੍ਰਾਪਤ ਕਰਨ, ਹੱਲ ਕਰਨ ਅਤੇ ਉਨ੍ਹਾਂ ਦੀ ਜਾਂਚ ਦਾ ਕਾਰਜ ਕਰਦਾ ਹੈ। ਟ੍ਰਿਬਿਊਨਲ ਉਨ੍ਹਾਂ ਕੇਸਾਂ ਦੀ ਸੁਣਵਾਈ ਕਰਦਾ ਹੈ ਜੋ ਕਮਿਸ਼ਨ ਵੱਲੋਂ ਇਸ ਨੂੰ ਭੇਜੇ ਜਾਂਦੇ ਹਨ।

ਬਾਅਦ ਵਿੱਚ ਬਹਾਰ ਦੀ ਆਉਣ ਵਾਲੀ ਰੁਤ ਵਿੱਚ ਪੇਸ਼ ਕੀਤੇ ਜਾਣ ਵਾਲੇ ਇੱਕ ਨਵੇਂ ਵਿਧਾਨਕ ਪ੍ਰਸਤਾਵਿਤ ਮਾਡਲ ਦੇ ਅਧੀਨ ਕਮਿਸ਼ਨ ਜਨਤਕ ਵਿੱਦਿਆ, ਖੋਜ ਅਤੇ ਨਿਗਾਰਨੀ ਵਰਗੀਆਂ ਪੇਸ਼ਕਦਮੀਆਂ ਨਾਲ ਮਨੁੱਖੀ ਅਧਿਕਾਰਾਂ ਦੇ ਵਾਧੇ ਅਤੇ ਸਿਲਸਿਲੇਵਾਰ ਵਿਤਕਰੇ ਦੀ ਰੋਕਥਾਮ ਤੇ ਧਿਆਨ ਕੇਂਦ੍ਰਿਤ ਕਰੇਗਾ। ਸਰਕਾਰ ਕਮਿਸ਼ਨ ਦੇ ਅੰਦਰ ਹੀ ਇੱਕ ਨਸਲਵਾਦ-ਵਿਰੋਧੀ ਸਕੱਤਰੇਤ ਵੀ ਸਥਾਪਤ ਕਰੇਗੀ ਜਿਹੜਾ ਨਸਲਵਾਦ ਖ਼ਿਲਾਫ ਸੰਘਰਸ਼ ਬਾਰੇ ਖੋਜ ਅਤੇ ਨੀਤੀ ਲਈ ਚੀਫ਼ ਕਮਿਸ਼ਨਰ ਨੂੰ ਸਿਫਾਰਸ਼ਾਂ ਕਰੇਗਾ ਅਤੇ ਸਲਾਹ ਦੇਵੇਗਾ।

ਕਮਿਸ਼ਨ ਖ਼ੁਦ ਆਪਣੀ ਤਰਫੋਂ ਟ੍ਰਿਬਿਊਨਲ ਨੂੰ ਸਿੱਧੀ, ਜਾਂ ਮੁਦਾਖ਼ਤ ਵਜੋਂ, ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ ਬਰਕਰਾਰ ਰੱਖੇਗਾ। ਇਸ ਦੌਰਾਨ ਵਿਅਕਤੀਆਂ ਜਾਂ ਗਰੁੱਪਾਂ ਨੂੰ ਸ਼ਿਕਾਇਤਾਂ ਸਿੱਧੀਆਂ ਟ੍ਰਿਬਿਊਨਲ ਕੋਲ ਦਾਇਰ ਕਰਨ ਦਾ ਹੱਕ ਦੇ ਕੇ ਟ੍ਰਿਬਿਊਨ ਸ਼ਿਕਾਇਤਾਂ ਦੇ ਹੱਲ ਦਾ ਇੱਕ ਆਧੁਨਿਕ, ਰਵਾਨਗੀ ਵਾਲਾ ਅਤੇ ਕਾਰਗਰ ਤਰੀਕਾ ਪ੍ਰਦਾਨ ਕਰੇਗਾ।

…/2

"ਅਹਿਮ ਕਾਮਯਾਬੀ ਦੇ ਬਾਵਜੂਦ, ਕਮਿਸ਼ਨ ਕਾਫੀ ਦੇਰ ਤੋਂ ਸ਼ਿਕਾਇਤਾਂ ਹੱਲ ਕਰਨ ਦੀ ਕਾਰਵਾਈ ਵਿੱਚ ਤੇਜ਼ੀ ਲਿਆਉਣ, ਅਤੇ ਮਨੁੱਖੀ ਅਧਿਕਾਰਾਂ ਦੇ ਇੱਕ ਅਜਿਹੇ ਸੱਭਿਆਚਾਰ ਨੂੰ ਚੰਗੇਰੀ ਤਰ੍ਹਾਂ ਪ੍ਰਫੁੱਲਤ ਕਰਨ ਵਾਸਤੇ ਤਬਦੀਲੀ ਲਿਆਉਣ ਦੀ ਮੰਗ ਕਰਦਾ ਰਿਹਾ ਹੈ ਜਿਹੜਾ ਕੰਮ, ਰਿਹਾਇਸ਼ ਅਤੇ ਸੇਵਾਵਾਂ ਦੇ ਖੇਤਰਾਂ ਵਿੱਚ ਵਿਤਕਰੇ ਨੂੰ ਰੋਕੇ," ਬਾਰਬਰਾ ਹਾਲ, ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਦੀ ਚੀਫ਼ ਕਮਿਸ਼ਨਰ ਨੇ ਕਿਹਾ ਹੈ। "ਅਸੀਂ ਸਰਕਾਰ ਨਾਲ ਮਿਲ ਕੇ ਇੱਕ ਨਵਿਆਈ ਗਈ ਅਜਿਹੀ ਪ੍ਰਣਾਲੀ ਉਸਾਰਨ ਲਈ ਕੰਮ ਕਰਾਂਗੇ ਜਿਹੜੀ ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਕਰੇ ਅਤੇ ਮਨੁੱਖੀ ਅਧਿਕਾਰਾਂ ਦੇ ਅੰਤਰਾਸ਼ਟਰੀ ਨੇਤਾ ਵਜੋਂ ਓਨਟੇਰੀਓ ਦਾ ਰੁਤਬਾ ਬਰਕਰਾਰ ਰੱਖੇਗੀ।"

"ਮਨੁੱਖੀ ਅਧਿਕਾਰ ਮੂਲ ਸਿਧਾਂਤ ਹਨ। ਇਹ ਮਹੱਤਵਪੂਰਣ ਹੈ ਕਿ ਸਭ ਓਨਟੇਰੀਓ ਵਾਸੀ ਕਾਨੂੰਨ ਲਾਗੂ ਕਰਨ ਅਤੇ ਝਗੜਿਆਂ ਦੇ ਨਿਪਟਾਰੇ ਲਈ ਕਿਸੇ ਨਿਆਂਪੂਰਣ ਅਤੇ ਪਾਰਦਰਸ਼ੀ ਪ੍ਰਣਾਲੀ ਤਕ ਸਮੇਂ ਸਿਰ ਪਹੁੰਚ ਕਰ ਸਕਦੇ ਹੋਣ," ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਦੇ ਚੇਅਰ ਮਾਈਕਲ ਗੋਠੀਅਲ ਨੇ ਕਿਹਾ। "ਬਹੁਤ ਸਾਰੇ ਲੋਕ ਬੜੀ ਦੇਰ ਤੋਂ ਤਬਦੀਲੀ ਦੀ ਮੰਗ ਕਰਦੇ ਰਹੇ ਹਨ ਅਤੇ ਚੇਅਰ ਦੇ ਤੌਰ ਤੇ ਇਨ੍ਹਾਂ ਤਬਦੀਲੀਆਂ ਨੂੰ ਲਾਗੂ ਕਰਨ ਵਿੱਚ ਮਦਦ ਕਰਦਿਆਂ, ਅਤੇ ਅਜਿਹੇ ਨਿਯਮ ਅਤੇ ਜ਼ਾਬਤੇ ਤਿਆਰ ਕਰਦਿਆਂ ਜਿਹੜੇ ਕੋਡ ਦੇ ਮਹੱਤਵਪੂਰਣ ਨਿਸ਼ਾਨਿਆਂ ਨੂੰ ਉਤਸ਼ਾਹਿਤ ਕਰਦੇ ਹੋਣ, ਮੈਨੂੰ ਖੁਸ਼ੀ ਹੋ ਰਹੀ ਹੈ।"

"ਸਰਕਾਰ ਨੂੰ ਪ੍ਰਣਾਲੀ ਵਿੱਚ ਇਹ ਮਹੱਤਵਪੂਰਣ ਤਬਦੀਲੀਆਂ ਕਰਦਿਆਂ ਵੇਖ ਕੇ ਸਾਨੂੰ ਖੁਸ਼ੀ ਹੋ ਰਹੀ ਹੈ," ਐਡਵੋਕੇਸੀ ਸੈਂਟਰ ਫ਼ਾਰ ਟੈਨੇਂਟਸ ਓਨਟੇਰੀਓ ਦੀ ਡਾਇਰੈਕਟਰ ਕੈਥੀ ਲੇਅਰਡ ਦਾ ਕਹਿਣਾ ਹੈ। "ਇਹ ਕੰਮ ਬੜੀ ਦੇਰ ਪਹਿਲਾਂ ਹੋ ਜਾਣਾ ਚਾਹੀਦਾ ਸੀ। ਮਨੁੱਖੀ ਅਧਿਕਾਰਾਂ ਦੀ ਇੱਕ ਅਜਿਹੀ ਪ੍ਰਣਾਲੀ ਜਿਹੜੀ ਵਧੇਰੇ ਬਰਦਾਸ਼ਤ ਨੂੰ ਉਤਸ਼ਾਹਿਤ ਕਰ ਸਕੇ ਅਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਨਾਲ ਵਧੇਰੇ ਚੰਗੀ ਤਰ੍ਹਾਂ ਨਿਪਟ ਸਕੇ, ਨਾਲ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਓਨਟੇਰੀਓ ਵਾਸੀਆਂ ਨਾਲ ਆਦਰ ਅਤੇ ਸਤਿਕਾਰ ਨਾਲ ਪੇਸ਼ ਆਇਆ ਜਾਂਦਾ ਹੈ।"

"ਸਾਡਾ ਨਿਸ਼ਾਨਾ ਇਹ ਯਕੀਨੀ ਬਣਾਉਣਾ ਹੈ ਕਿ ਓਨਟੇਰੀਓ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਵਿਤਕਰੇ ਦਾ ਸਾਮ੍ਹਣਾ ਕਰਨ ਵਾਲਿਆਂ ਲਈ ਨਿਆਂ ਹਾਸਲ ਕਰਨ ਵਿੱਚ ਸੁਧਾਰ ਵਾਸਤੇ ਅੰਤਰਾਸ਼ਟਰੀ ਪੱਧਰ ਤੇ ਮੋਹਰੀ ਬਣਿਆ ਰਹੇ," ਬ੍ਰਾਇੰਟ ਨੇ ਕਿਹਾ।

- 30 -

ਸੰਪਰਕ:
ਗਰੈੱਗ ਕ੍ਰੋਨ
ਮੰਤਰੀ ਦਾ ਦਫ਼ਤਰ
*(416) 326-1785*

ਬਰੈਂਡਨ ਕਰਾਅਲੀ
ਕਮਿਊਨੀਕੇਸ਼ਨਜ਼ ਬਰਾਂਚ
*(416) 326-2210*

www.attorneygeneral.jus.gov.on.ca

ਸਾਧਾਰਣ ਟੈਲੀਫ਼ੋਨ ਪੁੱਛ-ਗਿੱਛ ਲਈ: 416-326-2220 ਜਾਂ 1-800-518-7901

ਨੇਤਰਹੀਣ ਵਿਅਕਤੀ ਉਪ੍ਰੋਕਤ ਦਸਤਾਵੇਜ ਦਾ ਮੂਲ-ਪਾਠ ਸੁਣਨ ਲਈ ਉੱਪਰ ਦਿੱਤੇ ਨੰਬਰਾਂ ਤੇ ਫੋਨ ਕਰ ਸਕਦੇ ਹਨ।

ਟੀ.ਟੀ.ਵਾਈ.: 416-326-4012

ਇਸ ਦਸਤਾਵੇਜ ਦਾ 14 ਭਾਸ਼ਾਵਾਂ ਵਿੱਚ ਤਰਜਮਾ ਕੀਤਾ ਗਿਆ ਹੈ।
ਇਹ ਤਰਜਮੇ www.attorneygeneral.jus.gov.on.ca ਤੇ ਉਪਲਬਧ ਹੋਣਗੇ।